11988/-

Sikh Sangeet Pa

(Gurnam Singh M.A.
Model High Sch
Patiala Univ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਗੁਰਮਤਿ ਸੰਗੀਤ ਪੱਧਤੀ – ਇਕ ਅਧਿਐਨ

—ਸ੍ਰ. ਗੁਰਨਾਮ ਸਿੰਘ, ਐਮ. ਏ. (ਸੰਗੀਤ)
ਮਾਡਲ ਹਾਈ ਸਕੂਲ, ਪੰਜਾਬੀ ਯੂਨੀਵਰਸਿਟੀ,
ਪਟਿਆਲਾ।

******************************************

ਸੰਗੀਤ ਆਦਿ ਕਾਲ ਤੋਂ ਹੀ ਮਨੁੱਖੀ ਜੀਵਨ ਦਾ ਅਟੁੱਟ ਅੰਗ ਰਿਹਾ ਹੈ। ਵੈਦਿਕ ਕਾਲ ਤੱਕ ਸੰਗੀਤ ਦੇ ਗਾਇਨ, ਵਾਦਨ ਅਤੇ ਨਰਿਤ ਅੰਗ ਪੂਰਨ ਰੂਪ ਵਿਚ ਸਥਾਪਤ ਹੋ ਚੁੱਕੇ ਸਨ। ਜਿਉਂ ਜਿਉਂ ਮਨੁੱਖ ਸਭਿਆਤਾਵਾਂ ਦਾ ਪੰਧ ਮੁਕਾਉਂਦਾ ਗਿਆ ਮਨੁੱਖੀ ਕਾਰਜ ਕੁਸ਼ਲਤਾ ਅਤੇ ਕਲਾਵਾਂ ਵਿਚ ਹੋਰ ਵਧੇਰੇ ਨਿਖਾਰ ਪਰਪੱਕਤਾ ਆਉਂਦੀ ਗਈ। ਵੱਖ ਵੱਖ ਸਮਾਜਕ ਪ੍ਰਸਥਿਤੀਆਂ ਅਧੀਨ ਭਾਰਤੀ ਲਲਿਤ ਕਲਾਵਾਂ ਵਿਸ਼ੇਸ਼ ਕਰਕੇ ਸੰਗੀਤ ਵਿਚ ਅਨੇਕਾਂ ਪਰਿਵਰਤਨ ਆਏ। ਪ੍ਰਾਚੀਨ ਕਾਲ ਵਿਚ ਹੀ ਸੰਗੀਤ ਦੋ ਵਿਸ਼ੇਸ਼ ਭਾਗਾਂ ਵਿਚ ਵੰਡ ਚੁੱਕਾ ਸੀ :—

1. ਮਾਰਗੀ ਸੰਗੀਤ   2. ਦੇਸੀ ਸੰਗੀਤ

## ਮਾਰਗੀ ਸੰਗੀਤ :

ਸੰਗੀਤ ਦਾ ਇਹ ਰੂਪ ਵਿਸ਼ੇਸ਼ ਸਮੇਂ ਉਤੇ ਵਿਸ਼ੇਸ਼ ਲੋਕਾਂ ਦੁਆਰਾ, ਵਿਸ਼ੇਸ਼ ਨਿਯਮਾਂ ਅਨੁਸਾਰ, ਵਿਸ਼ੇਸ਼ ਉਦੇਸ਼ ਲਈ ਪ੍ਰਯੋਗ ਕੀਤਾ ਜਾਂਦਾ ਸੀ। ਕੇਵਲ ਪੂਜਕ ਸ੍ਰੇਣੀ ਦੇ ਪ੍ਰਤੀਨਿਧ ਬ੍ਰਾਹਮਣ ਵਿਸ਼ੇਸ਼ ਸਮਾਰੋਹਾਂ ਜਾਂ ਪੂਜਾ ਸਮਾਗਮਾਂ ਉਤੇ ਖਾਸ ਨਿਯਮਾਂ ਅਨੁਸਾਰ ਅਤੇ ਨਿਰਧਾਰਿਤ ਸੁਰਾਂ ਉਪਰ ਮੋਕਸ਼ ਪ੍ਰਾਪਤੀ ਦੇ ਉਦੇਸ਼ ਹਿਤ ਇਸ ਸੰਗੀਤ ਦੀ ਵਰਤੋਂ ਕਰਦੇ ਸਨ। ਭਾਵੇਂ ਪਰੰਪਰਾ ਦਾ ਮੂਲ ਸਰੋਤ ਲੋਕ ਸੰਗੀਤ ਪਰੰਪਰਾ ਹੀ ਸੀ ਪਰ ਸਾਧਾਰਣ ਲੋਕਾਂ ਨੂੰ ਇਸ ਰੀਤੀ ਅਨੁਸਾਰ ਸੰਗੀਤ ਪ੍ਰਯੋਗ ਕਰਨ ਦੀ ਮਨਾਹੀ ਸੀ।

## ਦੇਸੀ ਸੰਗੀਤ :

ਮਾਰਗੀ ਸੰਗੀਤ ਦੇ ਕਠੋਰ ਨਿਯਮਾਂ ਕਰਕੇ ਸਾਧਾਰਣ ਲੋਕਾਂ ਲਈ ਮਾਰਗੀ ਸੰਗੀਤ ਨੇ ਆਪਣੀਆਂ ਭਾਵਨਾਵਾਂ ਨੂੰ ਸਾਕਾਰ ਕਰਨ ਲਈ ਆਪਣਾ ਪ੍ਰਤੀਨਿਧ ਸੰਗੀਤ ਦੇਸੀ ਸੰਗੀਤ ਦੇ ਰੂਪ ਵਿਚ ਵਿਕਸਿਤ ਕਰ ਲਿਆ। ਇਸ ਸੰਗੀਤ ਰੂਪ ਦਾ ਮੁਖ ਉਦੇਸ਼ ਜਨ ਸਾਧਾਰਣ ਦੇ ਜਜ਼ਬਿਆਂ ਦਾ ਪ੍ਰਗਟਾ, ਭਾਵ-ਵਿਵੇਚਨ ਅਤੇ ਮਨ ਪ੍ਰਚਾਵਾ ਹੀ ਸੀ। ਇਹ ਦੋਵੇਂ ਸੰਗੀਤ ਪਰੰਪਰਾਵਾਂ ਅੱਡਰੇ ਅੱਡਰੇ ਰੂਪਾਂ ਵਿਚ, ਆਪੋ ਆਪਣੀ ਥਾਂ, ਵੱਖ ਵੱਖ ਸਮਾਜਕ ਪਰਿਵਰਤਨਾਂ ਅਧੀਨ ਸਮਾਨੰਤਰ ਵਿਕਾਰ ਕਰਦੀਆਂ ਰਹੀਆਂ।



Digitized by Panjab Digital Library | www.panjabdigilib.org

ਭਾਰਤ ਵਿਚ ਮੁਸਲਮਾਨਾਂ ਦੇ ਪ੍ਰਵੇਸ਼ ਕਾਰਨ ਮੁਸਲਿਮ ਸੰਗੀਤ ਅਤੇ ਭਾਰਤੀ ਸੰਗੀਤ ਵਿਚਲੇ ਹੋਏ ਆਦਾਨ-ਪ੍ਰਦਾਨ ਦੇ ਸਿੱਟੇ ਵੱਜੋ ਭਾਰਤੀ ਸੰਗੀਤ ਦੋ ਪੱਧਤੀਆਂ ਵਿਚ ਵੰਡਿਆ ਗਿਆ।

1. ਉਤਰੀ ਭਾਰਤੀ ਸੰਗੀਤ (ਹਿੰਦੁਸਤਾਨੀ ਸੰਗੀਤ)
2. ਦੱਖਣੀ ਭਾਰਤੀ ਸੰਗੀਤ (ਕਰਨਾਟਕੀ ਸੰਗੀਤ)

## ਉਤਰੀ ਭਾਰਤੀ ਸੰਗੀਤ :

ਮੁਸਲਿਮ ਅਤੇ ਭਾਰਤੀ ਸੰਗੀਤ ਦੇ ਸੁਮੇਲੇ ਰੂਪ ਉਤਰੀ ਭਾਰਤੀ ਸੰਗੀਤ ਵਿਚ, ਭਾਰਤੀ ਸੰਗੀਤ ਦੀਆਂ ਬੁਨਿਆਦੀ ਕਦਰਾਂ ਕੀਮਤਾਂ ਵਿਚ ਕਾਫੀ ਪਰਿਵਰਤਨ ਆ ਗਿਆ। ਇਸ ਸੰਗੀਤ ਪੱਧਤੀ ਵਿਚ ਭਾਰਤੀ ਸੰਗੀਤ ਦੇ ਮੋਕਸ਼ ਪ੍ਰਾਪਤੀ ਤੇ ਪ੍ਰਭੂ ਉਪਾਸ਼ਨਾ ਵਰਗੇ ਬੁਨਿਆਦੀ ਮੂਲ ਉਦੇਸ਼ਾਂ ਦੀ ਥਾਂ ਮਨੋਰੰਜਨ ਤੇ ਭਾਵ ਉਤੇਜਨਾ ਨੇ ਲੈ ਲਈ, ਜਿਸਦਾ ਸਰੂਪ ਸ਼ਿੰਗਾਰ ਰਸੀ, ਅਸ਼ਲੀਲ ਅਤੇ ਨੀਵੇਂ ਸਤਰ ਦਾ ਸੀ।

## ਦੱਖਣੀ ਭਾਰਤੀ ਸੰਗੀਤ :

ਮੁਸਲਿਮ ਧਾੜਵੀਆਂ ਦੇ ਪ੍ਰਵੇਸ਼ ਨਾਲ ਮੰਦਰਾਂ ਤੇ ਮੱਠਾਂ ਦੀ ਤਬਾਹੀ ਸਦਕਾ ਭਾਰਤੀ ਸੰਗੀਤ ਦਾ ਮੂਲ ਰੂਪ ਉਤਰੀ ਭਾਰਤ ਵਿਚੋਂ ਲੱਗਭਗ ਅਲੋਪ ਹੋਣ ਲੱਗਾ। ਉਤਰੀ ਭਾਰਤ ਵਿਚ ਵਸਦੇ ਸੰਗੀਤਕਾਰ ਇਸ ਸੰਗੀਤਕ ਵਿਰਸੇ ਨੂੰ ਸੁਰੱਖਿਅਤ ਰੱਖਣ ਲਈ ਮੱਧ ਭਾਰਤ ਪਾਰ ਕਰ ਗਏ। ਇਸ ਦੱਖਣ ਵਿਚ ਪ੍ਰਚਲਿਤ ਸੰਗੀਤ ਨੇ ਭਾਰਤੀ ਸੰਗੀਤ ਦੇ ਮੂਲ ਰੂਪ ਅਤੇ ਬੁਨਿਆਦੀ ਕੀਮਤਾਂ ਨੂੰ ਕਾਇਮ ਰਖਕੇ ਚੋਖਾ ਵਿਕਾਸ ਕੀਤਾ।

ਅਜਿਹੇ ਸਮੇਂ ਪ੍ਰਭੂ ਭਗਤੀ ਦੀ ਇਕ ਲਹਿਰ 'ਭਗਤੀ ਲਹਿਰ' ਦੇ ਨਾਮ ਨਾਲ ਪ੍ਰਚਾਰ ਵਿਚ ਆਈ ਜਿਸ ਦੀ ਇਕ ਆਪਣੀ ਨਿਵੇਕਲੀ ਸੰਗੀਤ ਪਰੰਪਰਾ ਸੀ। ਇਸ ਲਹਿਰ ਦੇ ਪੈਰੋਕਾਰ ਜੈਦੇਵ, ਸੂਰਦਾਸ, ਮੀਰਾਂਬਾਈ ਆਦਿ ਨੇ ਆਪਣੀਆਂ ਰਚਨਾਵਾਂ ਨੂੰ ਵੱਖ ਵੱਖ ਰਾਗਾਂ ਤੇ ਤਾਲਾਂ ਅਨੁਸਾਰ ਸੰਗੀਤ ਬੱਧ ਕਰਕੇ ਗਾਇਆ। ਸੰਗੀਤ ਦੁਆਰਾ ਇਸ ਬਾਣੀ ਗਾਉਣ ਅਤੇ ਪ੍ਰਚਾਰਨ ਦਾ ਮੂਲ ਮਨੋਰਥ ਜਨ ਸਾਧਾਰਣ ਨੂੰ ਅਧਿਆਤਮਵਾਦੀ ਕਦਰਾਂ ਕੀਮਤਾਂ ਦਾ ਉਪਦੇਸ਼ ਦੇਣਾ ਹੀ ਸੀ।

ਗੁਰੂ ਨਾਨਕ ਦੇਵ ਜੀ ਦੇ ਆਗਮਨ ਤੱਕ ਭਾਰਤੀ ਸੰਗੀਤ ਉਪਰੋਕਤ ਪਰਿਵਰਤਨ ਅਤੇ ਵੱਖ ਵੱਖ ਪ੍ਰਸਥਿਤੀਆਂ ਅਧੀਨ ਕਾਫੀ ਵਿਕਾਸ ਕਰ ਚੁੱਕਾ ਸੀ। ਗੁਰੂ ਨਾਨਕ ਦੇਵ ਜੀ ਨੇ ਉਪਰੋਕਤ ਸਭਿਆਚਾਰਕ, ਅਧਿਆਤਮਕ ਤੇ ਸੰਗੀਤ ਪਰਿਵਰਤਨ ਦਾ ਘੋਖਵਾਂ ਅਧਿਐਨ ਕੀਤਾ। ਆਪ ਭਗਤੀ ਸੰਗੀਤ ਪਰੰਪਰਾ ਦੀ ਬੁਨਿਆਦੀ ਲੋੜ ਅਤੇ ਮਹੱਤਤਾ ਤੋਂ ਭਲੀ-ਭਾਂਤ ਜਾਣੂ ਹੋ ਚੁੱਕੇ ਸਨ। ਇਸ ਪਰੰਪਰਾ ਦੇ ਸੰਤਾਂ, ਭਗਤਾਂ ਅਤੇ ਸੂਫੀ ਫਕੀਰਾਂ ਦੀ ਸਮੁੱਚੀ ਬਾਣੀ ਸੰਗੀਤ ਨਾਲ ਸੰਜੋਈ ਹੋਈ ਸੀ। ਇਹ ਮਾਰਗੀ ਸੰਗੀਤ ਵਾਂਗੂ ਕੱਟੜ ਤੇ ਕਰੜੇ ਨਿਯਮਾਂ



Digitized by Panjab Digital Library | www.panjabdigilib.org

ਵਿਚ ਨਹੀਂ ਸੀ ਜਕੜੀ ਸਗੋਂ ਆਮ ਲੋਕਾਂ ਵਿਚ ਇਸਦਾ ਪ੍ਰਚਾਰ ਦਿਨੋ ਦਿਨ ਵੱਧ ਰਿਹਾ ਸੀ। ਗੁਰੂ ਨਾਨਕ ਦੇਵ ਜੀ ਨੇ ਇਸੇ ਭਗਤੀ ਸੰਗੀਤ ਪਰੰਪਰਾ ਨੂੰ ਜਨ ਸਾਧਾਰਣ ਵਿਚ ਹੋਰ ਵਧੇਰੇ ਪ੍ਰਚਾਰਨ ਅਤੇ ਇਸਨੂੰ ਸਥਾਈ ਬਨਾਉਣ ਲਈ ਇਕ ਨਵੀਨ ਦਿਸ਼ਾ ਪਰਦਾਨ ਕੀਤੀ। ਇਸ ਉਪਰੰਤ ਜਿਹੜੀ ਸੰਗੀਤ ਪਰੰਪਰਾ ਹੋਂਦ ਵਿਚ ਆਈ, ਉਹ ਮੌਲਿਕ, ਸਾਰਥਕ, ਉਪਯੋਗੀ ਤੇ ਨਿਵੇਕਲੀ ਸੀ।

ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਨੇ ਗੁਰਮਤਿ ਤੇ ਪ੍ਰਚਾਰ ਦਾ ਮੁੱਖ ਮਾਧਿਅਮ ਸੰਗੀਤ ਨੂੰ ਚੁਣਿਆ। ਉਨ੍ਹਾਂ ਮਾਰਗੀ ਸੰਗੀਤ ਦੇ ਪਰਿਵਰਤਤ ਰੂਪ ਸ਼ਾਸਤਰੀ ਸੰਗੀਤ ਅਤੇ ਦੇਸੀ ਸੰਗੀਤ ਦੇ ਪਰਿਵਰਤਤ ਰੂਪ ਲੋਕ ਸੰਗੀਤ ਦਾ ਸੁਮੇਲ ਕਰਕੇ ਇਕ ਨਵੀਨ ਸੰਗੀਤ ਦੀ ਸਥਾਪਨਾ ਕੀਤੀ। ਇਸ ਵਿਸ਼ੇਸ਼ ਪੱਧਤੀ ਦਾ ਸਰੂਪ, ਮੌਲਿਕ ਸੰਗੀਤ ਪ੍ਰਬੰਧ, ਪ੍ਰਚਲਿਤ ਗਾਇਨ ਸ਼ੈਲੀਆਂ, ਰਾਗਾਂ ਅਤੇ ਕੁਝ ਨਵੀਨ ਮੌਲਿਕ ਰਾਗਾਂ ਉਪਰ ਆਧਾਰਤ ਸੀ। ਭਾਰਤੀ ਸੰਗੀਤ ਦੀਆਂ ਬੁਨਿਆਦੀ ਵਿਸ਼ੇਸ਼ਤਾਵਾਂ ਅਤੇ ਮੌਲਿਕ ਸੰਗੀਤ ਵਿਧਾਨ ਦੀ ਧਾਰਣੀ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਗਈ, ਇਹ ਸੰਗੀਤ ਪਰੰਪਰਾ, ਸਿੱਖ ਗੁਰੂਆਂ ਦੁਆਰਾ ਗੁਰਮਤਿ ਸੰਗੀਤ ਪੱਧਤੀ ਦੇ ਰੂਪ ਵਿਚ ਵਿਕਸਿਤ ਹੋਈ।

ਗੁਰਮਤਿ ਸੰਗੀਤ ਪੱਧਤੀ ਨੂੰ ਭਾਰਤੀ ਸੰਗੀਤ ਸ਼ਾਸਤਰ ਅਤੇ ਭਾਰਤੀ ਸੰਗੀਤ ਇਤਿਹਾਸ ਦੇ ਸੰਦਰਭ ਵਿਚ ਅਜੇ ਤੱਕ ਬਿਲਕੁਲ ਨਹੀਂ ਵਾਚਿਆ ਗਿਆ। ਸੰਗੀਤ ਵਿਦਵਾਨਾਂ ਨੇ ਇਕ ਨਿਰੋਲ, ਮੌਲਿਕ ਤੇ ਸੁਤੰਤਰ ਸੰਗੀਤ ਪੱਧਤੀ ਵਜੋਂ ਕਦੇ ਇਸਦਾ ਜ਼ਿਕਰ ਤੱਕ ਵੀ ਨਹੀਂ ਕੀਤਾ। ਸੰਗੀਤ ਵਿਦਵਾਨਾਂ, ਗੁਰਮਤਿ ਦੇ ਖੋਜੀਆਂ ਅਤੇ ਹੋਰ ਸਿੱਖ ਵਿਦਵਾਨਾਂ ਦੁਆਰਾ ਇਸ ਪੱਧਤੀ ਨੂੰ ਅਣਗੌਲਿਆ ਕਰਨ ਦਾ ਮੁੱਖ ਕਾਰਨ ਉਨ੍ਹਾਂ ਦਾ ਇਸ ਵਿਸ਼ੇ ਸੰਬੰਧੀ ਅਲਪ ਅਧਿਐਨ ਹੀ ਸੀ। ਸੋ ਇਸ ਪੱਧਤੀ ਦਾ ਸੁਤੰਤਰ ਅਧਿਐਨ ਕਰਨਾ ਅਤਿ ਜ਼ਰੂਰੀ ਸੀ।

ਗੁਰਮਤਿ ਸੰਗੀਤ ਪੱਧਤੀ ਦੇ ਆਧਾਰ ਗ੍ਰੰਥ, ਗੁਰੂ ਗ੍ਰੰਥ ਵਿਚ ਛੇ ਗੁਰੂਆਂ, ਪੰਦਰਾਂ ਭਗਤਾਂ, ਰਬਾਬੀਆਂ ਅਤੇ ਇਕ ਗੁਰੂ ਸੰਬੰਧੀ ਸੁੰਦਰ ਦੀ ਬਾਣੀ ਦਰਜ ਹੈ। ਸਮੁੱਚੀ ਬਾਣੀ ਨੂੰ ਵਿਸ਼ੇਸ਼ ਸੰਗਠਿਤ ਸੰਗੀਤ ਪ੍ਰਬੰਧ ਅਧੀਨ ਅੰਕਿਤ ਕਰਨ ਤੋਂ ਬਿਨਾਂ ਸ਼ਿੱਖ ਗੁਰੂਆਂ ਨੇ ਇਸ ਦੇ ਪ੍ਰਚਾਰ ਤੇ ਪ੍ਰਸਾਰ ਲਈ ਕੀਰਤਨ ਪਰੰਪਰਾ, ਕੀਰਤਨ ਕੇਂਦਰ ਅਤੇ ਸਿੱਖ ਕੀਰਤਨੀਆਂ, ਵਰਗੇ ਉਚ ਪੱਧਰੀ ਸਾਧਨਾਂ ਦਾ ਪ੍ਰਯੋਗ ਕੀਤਾ। ਇਸ ਸੰਪੂਰਨ ਪੱਧਤੀ ਦਾ ਸੰਗੀਤ ਪ੍ਰਬੰਧ ਅਤੇ ਸੰਗੀਤ ਪ੍ਰਚਾਰ ਵਿਵਸਥਾ ਇਸ ਪ੍ਰਕਾਰ ਹੈ।

## ਰਾਗ :

ਗੁਰੂ ਗ੍ਰੰਥ ਵਿਚ ਜਪੁਜੀ, ਸਵੈਯੇ ਅਤੇ ਵਾਰਾਂ ਤੋਂ ਵਧੀਕ ਸਲੋਕਾਂ ਤੋਂ ਬਿਨਾਂ ਸਮੁੱਚੀ ਬਾਣੀ ਰਾਗਬੱਧ ਹੈ। ਸ਼ਬਦ ਦੇ ਭਾਵ ਅਤੇ ਸੰਗੀਤ ਸ਼ਾਸਤਰ ਅਨੁਸਾਰ ਅਤਿ ਢੁਕਵੇਂ ਰਾਗਾਂ ਨੂੰ ਗਾਇਨ ਲਈ ਬਾਣੀ ਉਪਰ ਅੰਕਿਤ ਕੀਤਾ ਗਿਆ ਹੈ।



Digitized by Panjab Digital Library | www.panjabdigilib.org

ਇਸ ਲਈ ਇਥੇ ਸੰਬੰਧਤ ਬਾਣੀ ਵਿਚ ਪ੍ਰਯੁਕਤ ਰਾਗਾਂ ਦੀ ਗਿਣਤੀ ਸੰਬੰਧੀ ਵਿਚਾਰ ਕਰਨੀ ਅਤਿ ਜ਼ਰੂਰੀ ਹੈ। ਅਜੇ ਤੱਕ ਆਦਿ ਗ੍ਰੰਥ ਵਿਚ ਪ੍ਰਯੋਗ ਹੋਏ ਰਾਗਾਂ ਦੀ ਕੁਲ ਗਿਣਤੀ ਸੰਬੰਧੀ ਸੰਗੀਤ ਸ਼ਾਸਤਰ ਦੀ ਦ੍ਰਿਸ਼ਟੀ ਤੋਂ ਅਧਿਐਨ ਨਹੀਂ ਕੀਤਾ ਗਿਆ। ਗੁਰਮਤਿ ਦੇ ਖੋਜੀ ਵਿਦਵਾਨ ਤੇ ਸਾਹਿਤਕਾਰਾਂ ਨੇ ਇਸ ਸੰਬੰਧੀ ਸੰਗੀਤ ਸ਼ਾਸਤਰ ਅਨੁਸਾਰ ਖੋਜ ਨਹੀਂ ਕੀਤੀ ਅਤੇ ਇਸ ਸੰਬੰਧ ਵਿਚ ਹੋਏ ਨਾਂ ਮਾਤ੍ਰ ਯਤਨ ਕੇਵਲ ਸਾਹਿਤਕ ਹੀ ਸਨ। ਇਹੀ ਕਾਰਨ ਹੈ ਕਿ ਗੁਰਮਤਿ ਦੇ ਪਰਾਧਿਕਾਰੀਆਂ ਨੇ ਇਸ ਗ੍ਰੰਥ ਦੇ ਰਾਗਾਂ ਦੀ ਕੁਲ ਗਿਣਤੀ 31 ਹੀ ਮੰਨੀ ਹੈ ਜੋ ਹੇਠ ਲਿਖੇ ਅਨੁਸਾਰ ਹੈ :—

1. ਸੀਰੀ 2. ਮਾਝ 3. ਗਉੜੀ 4. ਆਸਾ 5. ਗੁਜਰੀ 6. ਦੇਵਗੰਧਾਰੀ 7. ਬਿਹਾਗੜਾ 8. ਵਡਹੰਸ 9. ਸੋਰਠ 10. ਧਨਾਸਰੀ 11. ਜੈਤਸਰੀ 12. ਟੋਡੀ 13. ਬੈਰਾੜੀ 14. ਤਿਲੰਗ 15. ਸੂਹੀ 16. ਬਿਲਾਵਲ 17. ਗੋਂਡ 18. ਰਾਮਕਲੀ 19. ਨਟ ਨਾਰਾਇਣ 20. ਮਾਲੀ ਗਉੜਾ 21. ਮਾਰੂ 22. ਤੁਖਾਰੀ 23. ਕੇਦਾਰਾ 24. ਭੈਰਉ 25. ਬਸੰਤ 26. ਸਾਰੰਗ 27. ਮਲ੍ਹਾਰ 28. ਕਾਨੜਾ 29. ਕਲਿਆਣ 30. ਪ੍ਰਭਾਤੀ 31. ਜੈਜਾਵੰਤੀ।

ਪ੍ਰਚੱਲਿਤ ਮੱਤ ਅਨੁਸਾਰ ਮੰਨੇ ਜਾਂਦੇ ਉਪਰੋਕਤ 31 ਰਾਗਾਂ ਅਧੀਨ ਗ੍ਰੰਥ ਵਿਚ 29 ਰਾਗ ਹੋਰ ਵੀ ਅੰਕਿਤ ਹਨ ਜਿਹੜੇ ਭਾਰਤੀ ਸੰਗੀਤ ਸ਼ਾਸਤਰ ਅਨੁਸਾਰ ਨਿਵੇਕਲੀ ਸੁਤੰਤਰ ਤੇ ਪਛਾਣਯੋਗ ਥਾਂ ਰਖਦੇ ਹਨ। ਇਹ ਰਾਗ ਇਸ ਪ੍ਰਕਾਰ ਹਨ :—

1. ਗਉੜੀ ਗੁਆਰੇਰੀ 2. ਗਉੜੀ ਦੱਖਣੀ 3. ਗਉੜੀ ਚੇਤੀ 4. ਗਉੜੀ ਬੈਰਾਗਣ 5. ਗਉੜੀ ਦੀਪਕੀ 6. ਗਉੜੀ ਪੂਰਬੀ ਦੀਪਕੀ 7. ਗਉੜੀ ਪੂਰਬੀ 8. ਗਉੜੀ ਮਾਝ 9. ਗਉੜੀ ਮਾਲਾ 10. ਗਉੜੀ ਮਾਲਵਾ 11. ਗਉੜੀ ਸੋਰਠ 12. ਆਸਾ ਕਾਫੀ 13. ਆਸਾਵਰੀ 14. ਦੇਵ ਗੰਧਾਰ 15. ਵਡਹੰਸ ਦੱਖਣੀ 16. ਤਿਲੰਗ ਕਾਫੀ 17. ਸੂਹੀ ਕਾਫੀ 18. ਸੂਹੀ ਲਲਿਤ 19. ਬਿਲਾਵਲ ਦੱਖਣੀ 20. ਬਿਲਾਵਲ ਗੋਂਡ 21. ਰਾਮਕਲੀ ਦੱਖਣੀ 22. ਨਟ 23. ਮਾਰੂ ਕਾਫੀ 24. ਮਾਰੂ ਦੱਖਣੀ 25. ਬਸੰਤ ਹਿੰਡੋਲ 26. ਕਲਿਆਣ ਭੋਪਾਲੀ 27. ਪ੍ਰਭਾਤੀ ਦੱਖਣੀ 28. ਪ੍ਰਭਾਤੀ ਬਿਭਾਸ 29. ਬਿਭਾਸ ਪ੍ਰਭਾਤੀ।

ਗੁਰਮਤਿ ਸੰਗੀਤ ਪੱਧਤੀ ਦੇ ਆਧਾਰ ਗ੍ਰੰਥ, ਗੁਰੂ ਗ੍ਰੰਥ ਵਿਚ ਦਰਜ ਉਪਰੋਕਤ ਰਾਗਾਂ ਨੂੰ ਭਾਰਤੀ ਸੰਗੀਤ ਸ਼ਾਸਤਰ ਦੇ ਸੰਦਰਭ ਵਿਚ ਵਾਚਿਆਂ ਇਹ ਗੱਲ ਬਿਲਕੁਲ ਸਪਸ਼ਟ ਹੈ ਕਿ ਇਨ੍ਹਾਂ ਉਪਰੋਕਤ 29 ਰਾਗਾਂ ਵਿਚ ਚਲਨ, ਆਰੋਹ, ਅਵਰੋਹ, ਪਕੜ ਆਦਿ ਵਰਗੇ ਸਾਰੇ ਉਹ ਸੰਗੀਤ ਤੱਤ ਜਿਹੜੇ ਇਕ ਰਾਗ ਨੂੰ ਦੂਸਰੇ ਰਾਗ ਤੋਂ ਅਲੱਗ ਕਰਦੇ ਹਨ, ਪਹਿਲੇ 31 ਰਾਗਾਂ ਤੋਂ ਬਿਲਕੁਲ ਹੀ ਵੱਖਰੇ ਹਨ। ਇਨ੍ਹਾਂ ਰਾਗਾਂ ਦੇ ਸੁਤੰਤਰ ਸਰੂਪਾਂ ਸਮੇਤ ਗੁਰਮਤਿ ਸੰਗੀਤ ਪੱਧਤੀ ਦੇ ਕੁਲ 60 ਰਾਗਾਂ ਦੀ ਸੰਗੀਤ ਵਿਗਿਆਨ ਅਨੁਸਾਰ ਚਰਚਾ ਕੀਤੀ ਗਈ ਹੈ।



Digitized by Panjab Digital Library | www.panjabdigilib.org

ਗੁਰਮਤਿ ਸੰਗੀਤ ਪੱਧਤੀ ਦੇ ਕੁਲ 60 ਰਾਗਾਂ ਵਿਚੋਂ ਕੁਝ ਰਾਗ ਅਜਿਹੇ ਵੀ ਹਨ ਜਿਹੜੇ ਕੇਵਲ ਗੁਰਮਤਿ ਸੰਗੀਤ ਪੱਧਤੀ ਦੇ ਗੁਰੂ ਗ੍ਰੰਥ ਵਿਚ ਹੀ ਦਰਜ ਹਨ। ਇਨ੍ਹਾਂ ਦਾ ਹਵਾਲਾ ਭਾਰਤੀ ਸੰਗੀਤ ਗ੍ਰੰਥਾਂ ਵਿਚ ਨਹੀਂ ਮਿਲਦਾ। ਇਸ ਲਈ ਨਿਮਨ ਲਿਖਤ ਰਾਗਾਂ ਨੂੰ ਗੁਰਮਤਿ ਸੰਗੀਤ ਪੱਧਤੀ ਦੇ ਮੌਲਿਕ ਰਾਗ ਮਨਿਆ ਜਾਂਦਾ ਹੈ :

1. ਮਾਝ 2. ਗਉੜੀ ਗੁਆਰੇਰੀ 3. ਗਉੜੀ ਬੈਰਾਗਣ 4. ਗਉੜੀ ਦੀਪਕੀ 5. ਗਉੜੀ ਪੂਰਬੀ ਦੀਪਕੀ 6. ਗਉੜੀ ਮਾਝ 7. ਗਉੜੀ ਮਾਲਵਾ 8. ਗਉੜੀ ਮਾਲਾ 9. ਗਉੜੀ ਸੋਰਠ 10. ਆਸਾ 11. ਆਸਾ ਕਾਫੀ 12. ਵਡਹੰਸ 13. ਤਿਲੰਗ ਕਾਫੀ 14. ਸੂਹੀ ਕਾਫੀ 15. ਸੂਹੀ ਲਲਿਤ 16. ਬਿਲਾਵਲ ਗੋਂਡ 17. ਮਾਰੂ ਕਾਫੀ 18. ਮਾਰੂ 19. ਤੁਖਾਰੀ 20. ਬਸੰਤ ਹਿੰਡੋਲ 21. ਪ੍ਰਭਾਤੀ ਬਿਭਾਸ 22. ਬਿਭਾਸ ਪ੍ਰਭਾਤੀ।

ਗੁਰੂ ਸਾਹਿਬਾਨ ਨੇ ਕੁਝ ਲੋਕ ਧੁਨਾਂ ਨੂੰ ਸ਼ਾਸਤਰੀ ਨਿਯਮਾਂ ਵਿਚ ਬੈਠਾਕੇ ਭਾਰਤੀ ਸੰਗੀਤ ਨੂੰ ਕਈ ਰਾਗ ਪ੍ਰਦਾਨ ਕੀਤੇ ਹਨ, ਅਜਿਹੇ ਰਾਗ ਹਨ—

1. ਮਾਝ 2. ਆਸਾ 3. ਵਡਹੰਸ 4. ਤੁਖਾਰੀ।

ਆਦਿ ਗ੍ਰੰਥ ਵਿਚ ਦੱਖਣੀ ਭਾਰਤੀ ਸੰਗੀਤ ਵਿਚ ਪ੍ਰਚੱਲਿਤ ਕੁਝ ਰਾਗਾਂ ਦੇ ਪ੍ਰਯੋਗ ਕੀਤੇ ਜਾਣਾ ਸਿੱਖ ਗੁਰੂਆਂ ਦੇ ਵਿਸ਼ਾਲ ਸੰਗੀਤਕ ਅਧਿਐਨ ਦਾ ਪ੍ਰਤੱਖ ਸਬੂਤ ਹੈ। ਉੱਤਰੀ ਭਾਰਤੀ ਸੰਗੀਤ ਪੱਧਤੀ ਅਤੇ ਦੱਖਣੀ ਭਾਰਤੀ ਸੰਗੀਤ ਪੱਧਤੀ ਨੂੰ ਕ੍ਰਿਆਤਮਕ ਰੂਪ ਵਿਚ ਨੇੜਤਾ ਪ੍ਰਦਾਨ ਕਰਨ ਲਈ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਆਪਣਾ ਯੋਗਦਾਨ ਪਾਇਆ। ਉਨ੍ਹਾਂ ਹੇਠ ਲਿਖੇ ਦੱਖਣੀ ਪੱਧਤੀ ਦੇ ਰਾਗਾਂ ਨੂੰ ਬਾਣੀ ਦੇ ਗਾਇਨ ਹਿੱਤ ਵਰਤਿਆ :—

1) ਗਉੜੀ ਦੱਖਣੀ 2) ਵਡਹੰਸ ਦੱਖਣੀ 3) ਬਿਲਾਵਲ ਦੱਖਣੀ 4) ਰਾਮਕਲੀ ਦੱਖਣੀ 5) ਮਾਰੂ ਦੱਖਣੀ 6) ਪ੍ਰਭਾਤੀ ਦੱਖਣੀ।

ਗੁਰਮਤਿ ਸੰਗੀਤ ਪੱਧਤੀ ਵਿਚ ਪ੍ਰਚਲਿਤ ਮਹਾਨ ਅਤੇ ਵਿਸ਼ਾਲ ਰਾਗ ਪਰੰਪਰਾ ਨੂੰ ਅਜੇ ਤਕ ਪੂਰਨ ਰੂਪ ਵਿਚ ਉਜਾਗਰ ਨਹੀਂ ਕੀਤਾ ਗਿਆ। ਸੋ ਇਸ ਸੰਗੀਤ ਪਰੰਪਰਾ ਦੇ ਇਨ੍ਹਾਂ ਨਵੇਂ ਤੱਥਾਂ ਨੂੰ ਭਾਰਤੀ ਸੰਗੀਤ ਅਤੇ ਵਿਸ਼ਵ ਸੰਗੀਤ ਵਿਚ ਪ੍ਰਚਾਰਨ ਦੀ ਅਤਿ ਲੋੜ ਹੈ।

## ਘਰੁ :—

ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਉਪਰ ਮਹੱਲਾ ਤੇ ਰਾਗ ਦੇ ਸਿਰਲੇਖ ਤੋਂ ਬਿਨਾਂ 'ਘਰੁ' ਵੀ ਵੱਖ ਵੱਖ ਗਿਣਤੀ ਵਿਚ ਅੰਕਿਤ ਮਿਲਦੇ ਹਨ। ਇਨ੍ਹਾਂ ਦੀ ਗਿਣਤੀ 17 ਤੱਕ ਹੈ। ਗੁਰਮਤਿ ਸੰਗੀਤ ਪੱਧਤੀ ਸੰਬੰਧੀ ਹੁਣ ਤੱਕ ਹੋਈ ਖੋਜ ਵਿਚ ਘਰੁ ਨੂੰ ਤਾਲ ਹੀ ਮੰਨਿਆ ਗਿਆਂ ਹੈ। ਤਾਲ ਨੂੰ ਘਰੁ ਲਿਖਣ ਦੀ ਇਹ ਪ੍ਰਥਾ ਈਰਾਨੀ ਤਾਲ ਪੱਧਤੀ ਸਮਾਨ ਜਾਪਦੀ



Digitized by Panjab Digital Library | www.panjabdigilib.org

ਹੈ। ਈਰਾਨੀ ਤਾਲ ਪੱਧਤੀ ਵਿਚ ਵੱਖ ਵੱਖ ਤਾਲ ਰੂਪਾਂ ਨੂੰ ਇਕ ਗਾਹ, ਦੋ ਗਾਹ, ਤਿੰਨ ਗਾਹ ਕਿਹਾ ਜਾਂਦਾ ਹੈ। ਇਸ ਲਈ ਸੰਭਵ ਹੈ ਕਿ ਵੱਖ ਵੱਖ ਘਰੁ ਵੱਖ ਵੱਖ ਤਾਲ ਦਰਸਾ-ਉਣ ਲਈ ਹੀ ਵਰਤੇ ਗਏ ਹੋਣ।

## ਰਹਾਉ :

ਭਗਤਾਂ ਅਤੇ ਗੁਰੂਆਂ ਦੀ ਸਮੁੱਚੀ ਬਾਣੀ ਦੇ ਸੰਗੀਤ ਵਿਧਾਨ ਦਾ ਅਗਲਾ ਮਹੱਤਵਪੂਰਣ ਅੰਗ 'ਰਹਾਉ' ਹੈ। ਬਾਣੀ ਵਿਚ ਕਾਵਿ ਰਚਨਾਂ ਦੇ ਕਿਸੇ ਇਕ ਵਿਚਾਰ ਨੂੰ ਦ੍ਰਿੜ ਕਰਨ ਲਈ ਉਸਦੇ ਅਨੇਕਾਂ ਪਹਿਲੂ, ਉਦਾਹਰਣਾਂ ਅਤੇ ਪ੍ਰਮਾਣ ਦਿੱਤੇ ਗਏ ਹਨ ਅਤੇ ਕਾਵਿ ਰਚਨਾ ਦੇ ਕੇਂਦਰੀ ਭਾਵ ਜਾਂ ਮੁਖ ਵਿਚਾਰ ਵਾਲੀ ਤੁਕ ਪਿਛੇ 'ਰਹਾਉ' ਦਾ ਸੰਕੇਤ ਮਿਲਦਾ ਹੈ। ਰਹਾਉ ਦਾ ਭਾਵ ਹੈ ਆਧਾਰ ਜਾਂ ਟੇਕ। ਗੁਰਮਤਿ ਸੰਗੀਤ ਵਿਚ ਇਸ ਰਹਾਉ ਵਾਲੀ ਤੁਕ ਦਾ ਵਿਸ਼ੇਸ਼ ਮਨੋਰਥ ਇਹ ਹੈ ਕਿ ਸੰਬੰਧਿਤ ਸ਼ਬਦ ਦੇ ਗਾਇਨ ਸਮੇਂ ਇਸ ਸੰਕੇਤ ਵਾਲੀ ਤੁਕ ਨੂੰ ਸਥਾਈ ਦੇ ਰੂਪ ਵਿਚ ਗਾਉਣਾ ਹੈ ਕਿਉਂਕਿ ਇਸ ਵਿਚ ਕਾਵਿ-ਰਚਨਾ ਦਾ ਕੇਂਦਰੀ ਭਾਵ ਮੌਜੂਦਾ ਹੈ ਇਸ ਲਈ ਇਸਦਾ ਬਾਰ ਬਾਰ ਗਾਇਨ ਕਰਕੇ ਇਸਨੂੰ ਦ੍ਰਿੜ ਕਰਨਾ ਹੀ ਗਾਇਨ ਦਾ ਮੂਲ ਮਨੋਰਥ ਹੈ। ਬਾਣੀ ਦੇ ਇਨ੍ਹਾਂ ਸ਼ਬਦਾਂ ਵਿਚ ਵੱਖ ਵੱਖ ਦਲੀਲਾਂ, ਪਹਿਲੂਆਂ ਅਤੇ ਉਦਾਹਰਨਾਂ ਨੂੰ ਵੱਖ ਵੱਖ ਅੰਕਾਂ ਅਧੀਨ ਲਿਖਿਆ ਗਿਆ ਹੈ ਜਿਨ੍ਹਾਂ ਦਾ ਇਸ ਸੰਗੀਤ ਵਿਧਾਨ ਵਿਚ ਅੰਤਰਿਆਂ ਦੇ ਰੂਪ ਵਿਚ ਗਾਇਨ ਕਰਨਾ ਹੈ। ਗੁਰੂ ਗ੍ਰੰਥ ਵਿਚ ਦਰਜ ਬਾਣੀ ਦੀ ਇਕ ਮਹੱਤਵਪੂਰਣ ਵਿਸ਼ੇਸ਼ਤਾ ਇਹ ਹੈ ਕਿ ਜਿਥੇ ਕਿਤੇ ਭਾਵ ਪਰਿਵਰਤਨ ਹੋ ਗਿਆ ਜਾਂ ਸ਼ਬਦ ਵਿਚਲੀ ਸਮੱਸਿਆ ਦਾ ਸਮਾਧਾਨ ਹੋ ਗਿਆ, ਉਥੇ ਇਕ ਤੋਂ ਵਧੇਰੇ ਰਹਾਉ ਵੀ ਵਰਤੇ ਗਏ ਹਨ। ਰਹਾਉ ਬਦਲਣ ਲਈ ਰਹਾਉ ਇਕ, ਰਹਾਉ ਦੋ, ਰਹਾਉ ਤਿੰਨ ਆਦਿ ਸੰਕੇਤਾਂ ਦੀ ਵਰਤੋਂ ਕੀਤੀ ਗਈ ਹੈ।[1] ਕਈ ਵੇਰ ਤਾਂ ਭਾਵ ਧਰਿਵਰਤਨ ਦੇ ਨਾਲ ਨਾਲ ਚਾਰ ਰਹਾਉ ਵੀ ਅੰਕਿਤ ਮਿਲਦੇ ਹਨ।[2]

## ਅੰਕ :

ਗੁਰੂ ਗ੍ਰੰਥ ਸਾਹਿਬ ਵਿਚ ਪ੍ਰਯੋਗ ਕੀਤੇ ਗਏ ਅੰਕਾਂ ਦਾ ਵਿਸ਼ੇਸ਼ ਸੰਗੀਤਕ ਮਹੱਤਵ ਹੈ। ਹਰ ਤੁਕ ਦੀ ਸਮਾਪਤੀ ਪਿਛੇ ਅੰਕ ਇਕ, ਅੰਕ ਦੋ, ਅੰਕ ਤਿੰਨ ਦੀ ਵਰਤੋਂ ਆਮ ਮਿਲਦੀ ਹੈ। ਅੰਤ ਵਿਚ ਇਨ੍ਹਾਂ ਅੰਕਾਂ ਦੀ ਕੁਝ ਗਿਣਤੀ ਵੀ ਦਰਜ ਕੀਤੀ ਗਈ ਹੈ। ਇਨ੍ਹਾਂ ਅੰਕਾਂ ਵਿਚ ਰਹਾਉ ਵਾਲੀ ਤੁਕ ਨੂੰ ਸ਼ਾਮਲ ਨਹੀਂ ਕੀਤਾ ਗਿਆ। ਸਗੋਂ ਸਮੁੱਚੇ ਕਾਵਿ-ਵਿਧਾਨ ਵਿਚ ਉਸਦੀ ਸੁਤੰਤਰ ਹੋਂਦ ਹੈ। ਗੁਰਮਤਿ ਸੰਗੀਤ ਵਿਚ ਰਹਾਉ ਨੂੰ ਸ਼ਬਦ ਗਾਇਨ ਵੇਲੇ ਸਥਾਈ ਬਨਾਉਣ ਦਾ ਨਿਯਮ ਹੈ। ਇਸ ਸੰਬੰਧੀ ਅਸੀਂ ਉਪਰ ਵਿਚਾਰ ਕਰ ਆਏ ਹਾਂ। ਠੀਕ ਉਸੇ ਤਰ੍ਹਾਂ ਹਰ ਇਕ ਅੰਕ ਵਾਲੀ ਸੰਪੂਰਨ ਤੁਕ ਨੂੰ ਸ਼ਬਦ ਗਾਇਨ ਕਰਨ ਵੇਲੇ ਅੰਤਰੇ ਦੇ ਰੂਪ ਵਿਚ ਗਾਉਣ ਇਸ ਸੰਗੀਤ ਵਿਧਾਨ ਦਾ ਲਾਜ਼ਮੀ ਨਿਯਮ ਹੈ। ਭਾਵ ਪਹਿਲਾਂ ਰਹਾਉ ਦੀ ਤੁਕ ਦਾ ਗਾਇਨ ਸਥਾਈ ਰੂਪ ਵਿਚ, ਫੇਰ ਅੰਕ ਵਾਲੀ ਤੁਕ ਦਾ ਗਾਇਨ ਅੰਤਰੇ ਦੇ ਰੂਪ ਵਿਚ, ਫੇਰ ਰਹਾਉ ਸਥਾਈ ਵਜੋਂ, ਫੇਰ ਅੰਕ ਦੇ ਅੰਤਰੇ ਵਜੋਂ ਆਦਿ ਆਦਿ। ਉਪਰੋਕਤ



Digitized by Panjab Digital Library | www.panjabdigilib.org

ਵਿਧੀ ਦਾ ਪਾਲਣ ਕਰਕੇ ਹੀ ਗਾਇਕ ਸ਼ਬਦ ਦਾ ਸਹੀ ਭਾਵ ਉਘਾੜ ਸਕੇਗਾ ਅਤੇ ਸ਼ਬਦ ਦੇ ਸਹੀ ਭਾਵ ਉਘਾੜ ਸਕੇਗਾ ਅਤੇ ਸ਼ਬਦ ਦੇ ਸਹੀ ਭਾਵ ਦਾ ਸੰਚਾਰ ਸਰੋਤੇ ਤੱਕ ਕਰ ਸਕੇਗਾ।

**ਮਾਝਾ :**

ਸੰਗੀਤ-ਵੇਤਾ ਇਸ ਤੱਥ ਤੋਂ ਭਲੀ ਭਾਂਤ ਪਰਿਚਿਤ ਹਨ ਕਿ ਭਾਰਤੀ ਸੰਗੀਤ ਦੀ ਧਰੁਪਦ ਗਾਇਨ ਸ਼ੈਲੀ ਵਿਚ ਚਾਰ ਭਾਗ ਪ੍ਰਚੱਲਿਤ ਹਨ ।

1. ਸਥਾਈ 2. ਅੰਤਰਾ 3. ਸੰਚਾਰੀ 4. ਆਭੋਗ

ਸਥਾਈ ਪਹਿਲਾ, ਅੰਤਰਾ ਦੂਜ, ਸੰਚਾਰੀ ਤੀਜਾ ਅਤੇ ਆਭੋਗ ਚੌਥਾ ਭਾਗ ਹੁੰਦਾ ਹੈ। ਖਿਆਲ ਗਾਇਨ ਵਿਚ ਕੇਵਲ ਸਥਾਈ ਅਤੇ ਅੰਤਰਾ ਦੇ ਦੋ ਭਾਗ ਹੀ ਹੁੰਦੇ ਹਨ। ਉਸੇ ਰੀਤ ਅਨੁਸਾਰ ਕਈ ਸ਼ਬਦਾਂ ਵਿਚ ਸਥਾਈ ਅਤੇ ਅੰਤਰਾ ਦਾ ਹੀ ਗਾਇਨ ਕੀਤਾ ਜਾਂਦਾ ਹੈ ਅਤੇ ਕੁਝ ਸ਼ਬਦ ਅਜਿਹੇ ਵੀ ਉਪਲਬਧ ਹਨ, ਜਿੰਨ੍ਹਾਂ ਵਿਚ ਦੋ ਤੁਕਾਂ ਦੀ ਸਥਾਈ ਜਿਸਨੂੰ 'ਰਹਾਉ' ਕਰਕੇ ਅੰਕਿਤ ਕੀਤਾ ਗਿਆ ਹੈ, ਉਸ ਉਪਰੰਤ ਕੇਵਲ ਇਕ ਤੁਕ ਸੰਚਾਰੀ ਜਾਂ 'ਮਾਝਾ' ਦੇ ਰੂਪ ਵਿਚ ਲਿਖੀ ਮਿਲਦੀ ਹੈ ਅਰਥਾਤ ਇਸ ਤੁਕ ਨੂੰ ਨਾ ਹੀ ਸਥਾਈ ਅਤੇ ਨਾ ਹੀ ਅੰਤਰੇ ਦੇ ਰੂਪ ਵਿਚ ਗਾਇਨ ਕਰਨਾ ਹੈ। ਇਸਦੀ ਸੁਰ ਰਚਨਾ ਸਥਾਈ ਅਤੇ ਅੰਤਰੇ ਦੇ ਵਿਚਕਾਰ ਵਿਚਰਣ ਕਰਦੀ ਹੈ। ਉਸ ਤੋਂ ਪਿਛੋ ਕਈ ਸ਼ਬਦਾਂ ਵਿਚ ਦੋ ਤੁਕਾਂ ਦਾ ਅੰਤਰਾ ਮਿਲਦਾ ਹੈ।

ਉਦਾਹਰਣ ਦੇ ਤੌਰ ਤੇ ਇਸ ਤਰ੍ਹਾਂ ਦੇ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹਨ ਜਿਵੇਂ,

ਮਲ੍ਹਾਰ ਮਹਲਾ ੫ ॥

"ਪ੍ਰਿਅ ਕੀ ਸੋਭ ਸੁਹਾਵਨੀ ਨੀਕੀ
ਹਾਹਾ ਹੂਹੂ ਗੰਧ੍ਰਬ ਅਪਸਰਾ,
ਅਨੰਦ ਮੰਗਲ ਰਸ ਗਾਵਨੀ ਨੀਕੀ ॥੧॥ਰਹਾਉ॥
ਧੁਨਿਤ ਲਲਿਤ ਗੁਨਗ੍ ਭਾਂਤਿ,
ਬਹੁ ਬਿਧਿ ਰੂਪ ਦਿਖਾਵਨੀ ਨੀਕੀ ॥੧॥
ਗਿਰਿ ਤਰ ਥਲ ਜਲ ਭਵਨ ਭਰਪੁਰਿ,
ਘਟਿ ਘਟਿ ਲਾਲਨ ਛਾਵਨੀ ਨੀਕੀ ॥
ਸਾਧ ਸੰਗਿ ਰਾਮਈਆ ਰਸੁ ਪਾਇਓ,
ਨਾਨਕ ਜਾਕੈ ਭਾਵਨੀ ਨੀਕੀ ॥

ਉਪਰੋਕਤ ਸ਼ਬਦ ਵਿਚ ਹੇਠ ਲਿਖੀ ਤੁਕ ਮਾਝਾ ਹੈ :

ਧੁਨਿਤ ਲਲਿਤ ਗੁਨਗ ਅਨਿਕ ਭਾਂਤਿ ।
ਬਹੁ ਬਿਧਿ ਰੂਪ ਦਿਖਾਵਨੀ ਨੀਕੀ ॥੧॥"



Digitized by Panjab Digital Library | www.panjabdigilib.org

## ਗਾਇਨ ਸ਼ੈਲੀਆਂ :

ਅਸੀਂ ਪਹਿਲਾਂ ਵਿਚਾਰ ਆਏ ਹਾਂ ਕਿ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੱਕ ਮਾਰਗੀ ਸੰਗੀਤ ਅਤੇ ਦੇਸੀ ਸੰਗੀਤ ਵੱਖੋ ਵੱਖਰੇ ਰੂਪਾਂ ਵਜੋ ਸਥਾਪਤ ਹੋ ਚੁੱਕੇ ਸਨ ਅਤੇ ਇਨ੍ਹਾਂ ਵਿਚਲਾ ਪਾੜਾ ਦਿਨੋ ਦਿਨ ਵੱਧ ਰਿਹਾ ਸੀ। ਸਿੱਖ ਗੁਰੂਆਂ ਨੇ ਮਾਰਗੀ ਸੰਗੀਤ (ਸ਼ਾਸਤਰੀ ਸੰਗੀਤ) ਅਤੇ ਦੇਸੀ ਸੰਗੀਤ (ਲੋਕ ਸੰਗੀਤ) ਵਿਚਲੇ ਪਾੜੇ ਨੂੰ ਖਤਮ ਕਰਨ ਦੇ ਲਈ ਦੋਵੇਂ ਸੰਗੀਤ ਰੂਪਾਂ ਦੀ ਵਰਤੋ ਕੀਤੀ।

## ਲੋਕ ਸੰਗੀਤ :

ਗੁਰਮਤਿ ਸੰਗੀਤ ਪਰੰਪਰਾ ਨੇ ਅਧਿਆਤਮਵਾਦੀ ਸੰਦੇਸ਼ ਆਮ ਲੋਕਾਂ ਤੱਕ ਪਹੁੰਚਾਉਣ ਲਈ ਇਕ ਵਿਸ਼ੇਸ਼ ਸੰਗੀਤ ਪ੍ਰਬੰਧ ਦੁਆਰਾ ਸਧਾਰਣ ਲੋਕਾਂ ਦੀ ਗੱਲ ਉਨ੍ਹਾਂ ਦੇ ਸੰਗੀਤ ਰੂਪਾਂ ਵਿਚ ਕੀਤੀ। ਇਸੇ ਉਦੇਸ਼ ਨੂੰ ਮੁੱਖ ਰੱਖਦੇ ਸਿੱਖ ਗੁਰੂਆਂ ਨੇ ਲੋਕ ਕਾਵਿ ਦੀਆਂ ਅਨੇਕ ਗਾਇਨ ਸ਼ੈਲੀਆਂ ਦਾ ਪ੍ਰਯੋਗ ਆਪਣੀ ਬਾਣੀ ਵਿਚ ਕੀਤਾ। ਜਿਵੇਂ ਅਲਾਹੁਣੀਆਂ, ਘੋੜੀਆਂ ਆਦਿ। ਲੋਕ ਸੰਗੀਤ ਅਤੇ ਸ਼ਾਸਤਰੀ ਸੰਗੀਤ ਦੇ ਸੁਮੇਲ ਲਈ ਉਨ੍ਹਾਂ ਸੰਬੰਧਤ ਲੋਕ ਕਾਵਿ ਦੇ ਨਾਲ ਮਿਲਦੇ ਜੁਲਦੇ ਰਾਗ ਜਾਂ ਮੌਲਿਕ ਰਾਗ ਦੀ ਰਚਨਾ ਕਰਕੇ ਸਿਰਲੇਖ ਰੂਪ ਦਿੱਤਾ ਜਿਵੇਂ ਰਾਗ ਆਸਾ, ਮਾਝ, ਵਡਹੰਸ, ਤੁਖਾਰੀ ਸਭ ਲੋਕ ਧੁਨਾਂ ਤੋਂ ਵਿਕਸਿਤ ਗੁਰਮਤਿ ਸੰਗੀਤ ਦੇ ਮੌਲਿਕ ਰਾਗ ਹਨ। ਲੋਕ ਕਾਵਿ ਰੂਪ ਘੋੜੀਆਂ ਉਪਰ ਰਾਗ ਵਡਹੰਸ ਦਾ ਸਿਰਲੇਖ ਦਿੱਤਾ ਗਿਆ ਹੈ, ਇਸੇ ਤਰ੍ਹਾਂ ਬਾਰਾਮਾਂਹ ਉਪਰ ਰਾਗ ਤੁਖਾਰੀ ਦਾ। ਇਸ ਪਰੰਪਰਾ ਅਧੀਨ ਸੋਹਲੇ, ਛੰਦ, ਅਲਾਹੁਣੀਆਂ, ਘੋੜੀਆਂ, ਸਲੋਕ ਆਦਿ ਅਨੇਕਾਂ ਲੋਕ ਕਾਵਿ ਰੂਪ ਆਦਿ ਗ੍ਰੰਥ ਵਿਚ ਦਰਜ ਹਨ ਜਿੰਨ੍ਹਾਂ ਦੀ ਵਿਸ਼ੇਸ਼ ਲੋਕ ਧੁਨ ਅਤੇ ਸੰਗੀਤ ਵਿਧਾਨ ਹੈ।

## ਸ਼ਾਸਤਰੀ ਸੰਗੀਤ :

ਗੁਰਮਤਿ ਵਿਚ ਸ਼ਾਸਤਰੀ ਸੰਗੀਤ ਦੇ ਵਿਸ਼ੇਸ਼ ਅੰਸ਼ ਮੌਜੂਦ ਹੈ। ਨਿਰਸੰਦੇਹ ਗੁਰੂ ਕਵਿ ਨੂੰ ਇਕ ਸੰਗੀਤ ਪ੍ਰਬੰਧ ਵਿਚ ਨਿਬੱਧ ਕੀਤਾ ਗਿਆ ਹੈ ਪਰ ਇਸਦੇ ਨਿਯਮ ਕੱਟੜ ਅਤੇ ਕਰੜੇ ਨਹੀਂ ਕਿ ਸਾਧਾਰਣ ਲੋਕਾਂ ਦੀ ਪਹੁੰਚ ਤੋਂ ਬਾਹਰ ਹੋਣ। ਸ਼ਾਸਤਰੀ ਸੰਗੀਤ ਉਤੇ ਆਧਾਰਤ ਗਾਇਨ ਸ਼ੈਲੀਆਂ ਦੀ ਵਰਤੋਂ ਦਾ ਭਾਵੇ ਕੋਈ ਲਿਖਤ ਪ੍ਰਮਾਣ ਨਹੀਂ, ਪਰ ਭਾਰਤੀ ਸ਼ਾਸਤਰੀ ਸੰਗੀਤ ਦੇ ਸੰਦਰਭ ਵਿਚ ਸਮੁੱਚੀ ਬਾਣੀ ਅਤੇ ਸੰਗੀਤ ਪ੍ਰਬੰਧ ਨੂੰ ਵਾਚਿਆ ਧਰੁਪਦ ਧਮਾਰ, ਖਿਆਲ ਅਤੇ ਟੱਪਾ ਸ਼ੈਲੀ ਦੀਆਂ ਅਨੇਕਾਂ ਰਚਨਾਵਾਂ ਮਿਲ ਜਾਂਦੀਆਂ ਹਨ। ਸਮੂਹ ਪਦੇ ਧਰੁਪਦ ਸ਼ੈਲੀ ਉਪਰ ਆਧਾਰ ਹਨ। ਰਾਗ ਬਸੰਤ ਵਿਚ ਹੋਲੀ ਸੰਬੰਧੀ ਸ਼ਬਦ ਧਮਾਰ ਸ਼ੈਲੀ ਵਿਚ ਰਚੇ ਗਏ ਹਨ। ਇਸੇ ਤਰ੍ਹਾਂ ਸਲੋਕ ਖਿਆਲ ਅਤੇ ਟੱਪਾ ਸ਼ੈਲੀ ਦੀ ਪ੍ਰਤੀਨਿਧਤਾ ਕਰਦੇ ਹਨ।

## ਪੜਤਾਲ ਗਾਇਕੀ :

ਪੜਤਾਲ ਗਾਇਕੀ ਦੀ ਸਿਰਜਣਾ ਗੁਰੂ ਰਾਮਦਾਸ ਜੀ ਨੇ ਕੀਤੀ। ਸ਼ਾਸਤਰੀ ਸੰਗੀਤ ਦੀ ਇਸ ਮਹੱਤਵਪੂਰਨ ਤੇ ਅਪ੍ਰਸਿਧ ਗਾਇਨ ਸ਼ੈਲੀ ਵਿਚ ਕਿਸੇ ਸ਼ਬਦ ਦੇ ਗਾਇਨ



Digitized by Panjab Digital Library | www.panjabdigilib.org

ਲਈ ਹਰ ਅੰਤਰੇ ਲਈ ਵੱਖ ਵੱਖ ਪੰਜ ਤਾਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਪਰ ਸਥਾਇ। ਲਈ ਇਕੋ ਤਾਲ ਰਹਿੰਦੀ ਹੈ। ਹਰ ਅੰਤਰੇ ਪਿਛੋਂ ਸੰਬੰਧਿਤ ਤਾਲ ਦੀ ਤਿਹਾਈ ਮਾਰਨ ਲਈ ਵਿਸ਼ੇਸ਼ ਤੋਲ ਤੁਕਾਂਤ ਮੌਜੂਦ ਹੁੰਦਾ ਹੈ। ਪੜਤਾਲ ਦੀ ਸਮੁਚੀ ਕਵਿਤਾ ਕਾਫੀ ਗੁੰਦਵੀਂ ਅਤੇ ਕਾਵਿ ਰੂਪ ਨਿਰਾਲਾ ਹੈ। ਸਮੁੱਚੇ ਸ਼ਬਦ ਦਾ ਗਾਇਨ ਇਕੋ ਰਾਗ ਵਿਚ ਹੁੰਦਾ ਹੈ। ਉਦਾਹਰਣ ਹਿਤ ਬਿਲਾਵਲ, ਨਟਨਾਰਾਇਣ, ਨਟ, ਸਾਰੰਗ, ਮਲ੍ਹਾਰ, ਕਾਨੜਾ ਅਤੇ ਪ੍ਰਭਾਤੀ ਬਿਭਾਸ ਰਾਗਾਂ ਵਿਚ ਗੁਰੂ ਰਾਮਦਾਸ ਜੀ ਦੁਆਰਾ 19 ਪੜਤਾਲਾਂ ਅਤੇ ਰਾਗ ਆਸਾ, ਧਨਾਸਰੀ, ਬਿਲਾਵਲ, ਰਾਮਕਲੀ, ਨਟ, ਭੈਰਵ, ਸਾਰੰਗ, ਮਲ੍ਹਾਰ ਅਤੇ ਪ੍ਰਭਾਤੀ ਬਿਭਾਸ ਆਦਿ ਪ੍ਰਸਿਧ ਰਾਗਾਂ ਵਿਚ ਗੁਰੂ ਅਰਜਨ ਦੇਵ ਜੀ ਦੀਆਂ 36 ਪੜਤਾਲਾਂ ਆਦਿ ਗ੍ਰੰਥ ਵਿਚ ਉਪਲਬਧ ਹਨ।

ਭਾਰਤੀ ਸੰਗੀਤ ਅਤੇ ਗੁਰੂ ਸਾਹਿਬਾਨ ਦੇ ਸਮਕਾਲੀ ਸੰਗੀਤ ਵਿਚ ਪੜਤਾਲ ਗਾਇਕੀ ਦਾ ਉਲੇਖ ਹੋਰ ਕਿਧਰੇ ਨਹੀਂ ਮਿਲਦਾ।

ਪੜਤਾਲ ਗਾਇਕੀ ਦੇ ਹੇਠ ਲਿਖੇ ਕਾਵਿ ਰੂਪ ਤੋਂ ਇਸ ਵਿਦਮਾਨ ਸੰਗੀਤਕ ਅਤੇ ਕਾਵਿ ਗੁਣਾਂ ਦਾ ਅੰਦਾਜ਼ਾ ਸਹਿਜੇ ਹੀ ਲੱਗ ਸਕਦਾ ਹੈ :

ਕਾਨੜਾ ਮਹਲਾ ੪, ਘਰੁ ੫ ॥

"ਮਨ ਜਾਪਹੁ ਰਾਮ ਗੁਪਾਲ ॥
ਹਰਿ ਰਤਨ ਜਵੇਹਰ ਲਾਲ ॥
ਹਰਿ ਗੁਰਮੁਖਿ ਘੜਿ ਟਕਸਾਲ ॥
ਹਰਿ ਹੋ ਹੋ ਕਿਰਪਾਲ ॥੧॥ਰਹਾਉ॥
ਤੁਮਰੇ ਗੁਨ ਅਗਮ ਅਗੋਚਰਾ ਏਕ ਜੀਅ ਕਿਆ ਕਥੇ ਬਿਚਾਰੀ,
ਰਾਮ ਰਾਮ ਰਾਮ ਰਾਮ ਲਾਲ ॥
ਤੁਮਰੀ ਜੀ ਅਕਥ ਕਥਾ, ਤੂ ਤੂ ਤੂ ਜੀ ਜ ਨਹਿ,
ਹਉ ਹਰਿ ਜਪਿ ਭਈ ਨਿਹਾਲ ਨਿਹਾਲ ਨਿਹਾਲ ਨਿਹਾਲ ॥੧॥
ਹਮਰੇ ਹਰਿ ਪ੍ਰਾਨ ਸਖਾ ਸੁਆਮੀ ਹਰਿ ਮੀਤਾ,
ਮੇਰੇ ਮਨਿ ਤਨਿ ਜੀਅ ਹਰਿ ਹਰੇ,
ਹਰੇ ਰਾਮਨਾਮ ਧਨੁ ਮਾਲ ॥
ਜਾ ਕੋ ਭਾਗੁ ਤਿਨਿ ਲੀਓ ਹੀ ਸੁਹਾਗੁ,
ਹਰਿ ਹਰਿ ਹਰੇ ਹਰੇ ਗੁਨ ਗਾਵੈ ਗੁਰਮਤਿ,
ਹਉ ਬਲਿ ਬਲੇ, ਹਕ, ਬਲਿ ਬਲੇ,
ਜਨ ਨਾਨਕ ਹਰਿ ਜਪਿ ਭਈ ਨਿਹਾਲ ਨਿਹਾਲ ॥੨॥੧॥੭॥"

(ਆਦਿ ਗ੍ਰੰਥ ਪੰਨਾ ੧੨੯੬)



Digitized by Panjab Digital Library | www.panjabdigilib.org

## ਗੁਰੂ ਸਾਹਿਬਾਨ ਦੇ ਜੀਵਨ ਵਿਚ ਸੰਗੀਤ :

**ਗੁਰੂ ਨਾਨਕ ਦੇਵ ਜੀ :—**

ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਆਪਣੀ ਬਾਣੀ ਵਿਚ 'ਸ਼ਾਇਰ' ਤੇ 'ਢਾਡੀ' ਆਖਿਆ ਹੈ । ਉਹ ਇਕ ਮਹਾਨ ਸੰਗੀਤਾਚਾਰੀਆ ਸਨ । ਗੁਰੂ ਨਾਨਕ ਦੇਵ ਜੀ ਨੇ ਵੱਖ ਵੱਖ 38 ਰਾਗਾਂ ਵਿਚ ਬਾਣੀ ਰਚੀ, ਆਪਨੇ ਅਨੇਕਾਂ ਗਾਇਨ ਸ਼ੈਲੀਆਂ ਅਤੇ ਕਾਵਿ ਰੂਪਾਂ ਦਾ ਸਦਉਪਯੋਗ ਕੀਤਾ ਜੋ ਪੰਜਾਬੀ ਸਾਹਿਤ ਅਤੇ ਭਾਰਤੀ ਸੰਗੀਤ ਦਾ ਉੱਤਮ ਨਮੂੰਨਾ ਹਨ ।

ਉਪਰ ਅਸੀਂ ਵਿਚਾਰ ਆਏ ਹਾਂ ਕਿ ਮੁਸਲਮਾਨਾਂ ਦੇ ਆਗਮਨ ਨਾਲ ਭਾਰਤੀ ਸੰਗੀਤ, ਉਤਰੀ ਭਾਰਤੀ ਸੰਗੀਤ ਤੇ ਦੱਖਣੀ ਭਾਰਤੀ ਸੰਗੀਤ ਨਾਮੀ ਦੋ ਪੱਧਤੀਆਂ ਵਿਚ ਵੰਡ ਚੁੱਕਾ ਸੀ । ਇਨ੍ਹਾਂ ਪੱਧਤੀਆਂ ਵਿਚਲੇ ਪਾੜੇ ਨੂੰ ਖਤਮ ਕਰਨ ਲਈ ਪੰਡਿਤ ਸਾਰੰਗਦੇਵ ਨੇ 'ਸੰਗੀਤ ਰਤਨਾਕਰ' ਗ੍ਰੰਥ ਲਿਖਕੇ ਜਿਥੇ ਸ਼ਾਸਤਰ ਪੱਖ ਤੋਂ ਯੋਗਦਾਨ ਪਾਇਆ ਉਥੇ ਗੁਰੂ ਨਾਨਕ ਦੇਵ ਜੀ ਪਹਿਲੇ ਅਜਿਹੇ ਵਿਅਕਤੀ ਸਨ ਜਿਨ੍ਹਾਂ ਕ੍ਰਿਆਤਮਕ ਰੂਪ ਵਿਚ ਦੋਵਾਂ ਪੱਧਤੀਆਂ ਨੂੰ ਮੇਲਣ ਦਾ ਯਤਨ ਕੀਤਾ । ਆਪਨੇ ਦੱਖਣੀ ਪੱਧਤੀ ਦੇ ਕਈ ਰਾਗਾਂ ਵਿਚ ਬਾਣੀ ਰਚੀ । ਉਦਾਹਰਣ ਦੇ ਤੌਰ ਉਤੇ ਗਉੜੀ ਦੱਖਣੀ, ਵਡਹੰਸ ਦੱਖਣੀ, ਮਾਰੂ ਦੱਖਣੀ, ਬਿਲਾਵਲ ਦੱਖਣੀ ਆਦਿ ।

ਉਦਾਸੀਆਂ ਸਮੇਂ ਗੁਰੂ ਨਾਨਕ ਦੇਵ ਜੀ ਜਿਥੇ ਜਾਂਦੇ ਆਪਣੇ ਸਾਥੀ ਭਾਈ ਮਰਦਾਨਾ ਦੀ ਰਬਾਬ ਦੀ ਮਧੁਰ ਝਨਕਾਰ ਵਿਚ ਬਾਣੀ ਦਾ ਗਾਇਨ ਕਰਕੇ ਲੋਕਾਂ ਨੂੰ ਆਪਣੇ ਵੱਲ ਆਕਰਸ਼ਤ ਕਰਦੇ ਅਤੇ ਉਪਦੇਸ਼ ਦਿੰਦੇ ।

**ਭਾਈ ਮਰਦਾਨਾ ਜੀ:—**

ਭਾਈ ਮਰਦਾਨਾ ਦੀ ਸਖਸ਼ੀਅਤ ਨਾਲ ਸਿੱਖ ਇਤਿਹਾਸਕਾਰਾਂ ਅਤੇ ਸਾਖੀਕਾਰਾਂ ਨੇ ਹਮੇਸ਼ਾ ਅਨਿਆ ਹੀ ਕੀਤਾ ਹੈ । ਇਨ੍ਹਾਂ ਭਾਈ ਮਰਦਾਨਾਂ ਨੂੰ ਮੰਗ ਪਿੰਨ ਕੇ ਖਾਣ ਵਾਲੇ ਡੂਮ ਮਿਰਾਸੀ ਦੇ ਪਾਤਰ ਦੇ ਰੂਪ ਵਿਚ ਚਿਤਰਿਆ ਹੈ । ਪਰ ਇਸ ਮਹਾਨ ਸੰਗੀਤਾਚਾਰੀਆ, ਗੁਰੂ ਨਾਨਕ ਦੇਵ ਜੀ ਦੇ ਸਹਾਇਕ ਅਤੇ ਮਹਾਨ ਰਬਾਬੀ ਦੇ ਯੋਗਦਾਨ ਨੂੰ ਕੌਣ ਭੁਲ ਸਕਦਾ ਹੈ । ਭਾਈ ਮਰਦਾਨਾ ਨੇ ਉਦਾਸੀਆਂ ਸਮੇਂ ਗੁਰੂ ਨਾਨਕ ਦੇਵ ਜੀ ਨਾਲ ਰਬਾਬ ਉਤੇ ਸੰਗਤ ਹੀ ਨਹੀਂ ਕੀਤੀ ਸਗੋਂ ਗੁਰੂ ਨਾਨਕ ਬਾਣੀ ਦਾ ਗਾਇਨ ਵੀ ਕੀਤਾ । ਜਨਮ ਸਾਖੀਆਂ ਤੋਂ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਬਾਣੀ ਦੀ ਕਾਵਿ ਸਿਰਜਣਾ ਪ੍ਰਕ੍ਰਿਆ ਵਿਚ ਭਾਈ ਮਰਦਾਨੇ ਦੇ ਰਬਾਬ ਵਾਦਨ ਦਾ ਅਹਿਮ ਸਥਾਨ ਸੀ ।

**ਗੁਰੂ ਅੰਗਦ ਦੇਵ ਜੀ :—**

ਆਪ ਜੀ ਨੇ 10 ਰਾਗਾਂ ਵਿਚ ਬਾਣੀ ਰਚੀ । ਉਨ੍ਹਾਂ ਕੀਰਤਨ ਦੀ ਪ੍ਰਥਾ ਨੂੰ ਲਾਜ਼ਮੀ ਰੂਪ ਵਿਚ ਅਪਣਾਇਆ । ਆਪ ਦੇ ਸਮੇਂ ਭਾਈ ਸੱਤਾ ਤੇ ਬਲਵੰਡ ਪ੍ਰਸਿਧ ਰਬਾਬੀ ਹੋਏ ਜੋ ਸਵੇਰ ਸ਼ਾਮ ਕੀਰਤਨ ਕਰਿਆ ਕਰਦੇ ਸਨ ।



Digitized by Panjab Digital Library | www.panjabdigilib.org

**ਗੁਰੂ ਅਮਰ ਦਾਸ ਜੀ :—**

ਗੁਰੂ ਅਮਰ ਦਾਸ ਜੀ ਨੇ 25 ਰਾਗਾਂ ਅਧੀਨ ਬਾਣੀ ਰਚ ਕੇ ਗੁਰਮਤਿ ਸੰਗੀਤ ਪੱਧਤੀ ਦੇ ਵਿਕਾਸ ਵਿਚ ਮਹਾਨ ਯੋਗਦਾਨ ਪਾਇਆ। ਰਾਗ ਰਾਮਕਲੀ ਵਿਚ ਅੰਕਿਤ 'ਆਨੰਦ ਸਾਹਿਬ' ਉਨ੍ਹਾਂ ਦੀ ਪ੍ਰਸਿਧ ਰਚਨਾਂ ਹੈ। 'ਕਾਨੂੰਨੇ ਮੌਸੀਕੀ' ਦੇ ਲਿਖਾਰੀ ਅਨੁਸਾਰ ਗੁਰੂ ਅਮਰ ਦਾਸ ਜੀ ਨੇ ਸਿਰੰਦਾ ਨਾਕ ਸਾਜ਼ ਦੀ ਈਜਾਦ ਕੀਤੀ[3]। ਭਾਈ ਸੱਤਾ, ਬਲਵੰਡ, ਭਾਈ ਪਾਧਾ, ਬੂਲਾ, ਸਾਦੂ ਬਾਦੂ ਨਾਮਕ ਆਪਦੇ ਸਮੇਂ ਦੇ ਮਸ਼ਹੂਰ ਕੀਰਤਨੀਏ ਹੋਏ ਹਨ।

**ਗੁਰੂ ਰਾਮਦਾਸ ਜੀ :—**

ਆਪ ਨੇ 39 ਰਾਗਾਂ ਵਿਚ ਬਾਣੀ ਰਚੀ। ਪੜਤਾਲ ਗਾਇਕੀ ਆਪਦੀ ਮੌਲਿਕ ਗਾਇਨ ਸ਼ੈਲੀ ਹੈ। 'ਆਸਾ ਦੀ ਵਾਰ' ਵਿਚ ਗਾਏ ਛੰਦ ਆਪ ਦੀ ਪ੍ਰਸਿਧ ਰਚਨਾ ਹਨ।

**ਗੁਰੂ ਅਰਜਨ ਦੇਵ ਜੀ :—**

ਆਪ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਗੁਰਮਤਿ ਸੰਗੀਤ ਪੱਧਤੀ ਨੂੰ ਸਥਾਈ ਰੂਪ ਵਿਚ ਸਥਾਪਿਤ ਕੀਤਾ। ਉਨ੍ਹਾਂ ਆਪ 44 ਰਾਗਾਂ ਵਿਚ ਬਾਣੀ ਰਚੀ। ਗੁਰੂ ਅਰਜਨ ਦੇਵ ਜੀ ਨੇ ਕੀਰਤਨ ਕਰਨ ਦੀ ਪਰੰਪਰਾ ਨੂੰ ਆਮ ਸਿੱਖਾਂ ਵਿਚ ਪਰਚਾਰਿਆ। ਇਸ ਨਾਲ ਸਿੱਖਾਂ ਵਿਚ ਗੁਰਮਤਿ ਸੰਗੀਤ ਦਾ ਪ੍ਰਚਾਰ ਹੋਰ ਵਧਿਆ। ਆਪਦੇ ਸਮੇਂ ਵਿਚ ਝਾਝ, ਭਾਈ ਮੁਕੰਦ, ਭਾਈ ਕੇਦਾਰ, ਸੱਤਾ ਤੇ ਬਲਵੰਡ ਪ੍ਰਸਿੱਧ ਕੀਰਤਨੀਏ ਸਨ।

**ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਜੀ :—**

ਗੁਰੂ ਸਾਹਿਬ ਜੀ ਦਾ ਸਮੁੱਚਾ ਜੀਵਨ ਜੰਗਾਂ ਯੁੱਧਾਂ ਵਿਚ ਹੀ ਬੀਤਿਆ। ਆਪ ਨੇ ਕੋਈ ਬਾਣੀ ਨਹੀਂ ਰਚੀ। ਪਰ ਗੁਰਮਤਿ ਸੰਗੀਤ ਪੱਧਤੀ ਦੀ ਵਾਰ ਗਾਇਨ ਸ਼ੈਲੀ ਦੇ ਪ੍ਰਚਾਰ ਵਿਚ ਮਹਾਨ ਯੋਗਦਾਨ ਪਾਇਆ। ਆਪਦੇ ਦਰਬਾਰ ਵਿਚ ਭਾਈ ਨੱਥਾ ਤੇ ਅਬਦੁੱਲ ਮਸ਼ਹੂਰ ਢਾਡੀ ਸਨ। ਇਸ ਤੋਂ ਬਿਨਾਂ ਕੀਰਤਨ ਪਰੰਪਰਾ ਵੀ ਲਾਜ਼ਮੀ ਰੂਪ ਵਿਚ ਕਾਰਜ-ਸ਼ੀਲ ਸੀ। ਬਾਬਾ ਦੀਪ ਸਿੰਘ ਤੇ ਭਾਈ ਬਾਬਕ ਇਸ ਸਮੇਂ ਦੇ ਪ੍ਰਸਿਧ ਕੀਰਤਨੀਏ ਸਨ।

**ਸ੍ਰੀ ਗੁਰੂ ਤੇਗ ਬਹਾਦਰ ਜੀ :—**

ਆਪ ਨੇ ੧੭ ਰਾਗਾਂ ਵਿਚ ਬਾਣੀ ਉਚਾਰੀ। ਰਾਗ ਅਤੇ ਤਾਲ ਦੇ ਪੱਖੋਂ ਆਪਦੀ ਬਾਣੀ ਦਾ ਵਿਸ਼ੇਸ਼ ਮਹੱਤਵ ਹੈ।

ਗੁਰਮਤਿ ਸੰਗੀਤ ਪੱਧਤੀ ਦਾ ਕਾਰਜ ਖੇਤਰ ਕਾਫੀ ਵਿਸ਼ਾਲ ਸੀ। ਇਸ ਵਿਚ ਜਿਥੇ ਕਾਵਿ ਬੱਧ ਬਾਣੀ ਦੀ ਰਚਨਾ ਕੀਤੀ ਗਈ। ਉਥੇ ਇਸ ਦੇ ਪ੍ਰਚਾਰ ਤੇ ਅਭਿਆਸ ਲਈ ਵਿਸ਼ੇਸ਼ ਯਤਨ ਕੀਤੇ ਗਏ।

**ਕੀਰਤਨ ਪਰੰਪਰਾ :—**

ਕੀਰਤਨ ਕਰਨ ਦੀ ਪ੍ਰਥਾ ਗੁਰਮਤਿ ਸੰਗੀਤ ਪੱਧਤੀ ਦਾ ਪ੍ਰਚਾਰ ਤੇ ਅਭਿਆਸ ਦਾ ਮੁੱਖ ਮਾਧਿਅਮ ਸੀ। ਆਮ ਕਰਕੇ ਚਾਰ ਸਿੱਖ ਵਿਅਕਤੀ ਮਿਲ ਕੇ ਕੀਰਤਨ ਕਰਿਆ



Digitized by Panjab Digital Library | www.panjabdigilib.org

ਕਰਦੇ ਸਨ। ਇਸ ਪਰੰਪਰਾ ਵਿਚ ਚਾਰ ਚੌਕੀਆਂ ਪ੍ਰਚੱਲਿਤ ਸਨ :

1) ਆਸਾ ਦੀ ਵਾਰ ਦੀ ਚੌਕੀ
2) ਬਿਲਾਵਲ ਦੀ ਚੌਕੀ
3) ਸੋਦਰ ਦੀ ਚੌਕੀ
4) ਆਰਤੀ ਦੀ ਚੌਕੀ

ਇਨ੍ਹਾਂ ਚੌਕੀਆਂ ਵਿਕ ਵੱਖ ਵੱਖ ਸਮੇਂ ਉਤੇ ਸਬੰਧਿਤ ਰਾਗਾਂ ਵਿਚ ਕੀਰਤਨ ਕੀਤਾ ਜਾਂਦਾ ਸੀ।

ਕੀਰਤਨ ਕੇਂਦਰ :—

ਗੁਰਮਤਿ ਸੰਗੀਤ ਪੱਧਤੀ ਵਿਚ ਹੇਠ ਲਿਖੇ ਕੇਂਦਰ ਪ੍ਰਸਿਧ ਹੋਏ :

1. ਕਰਤਾਰ ਪੁਰ 2. ਖਡੂਰ ਸਾਹਿਬ 3. ਗੋਇੰਦਵਾਲ 4. ਅੰਮ੍ਰਿਤਸਰ 5. ਕੀਰਤਪੁਰ 6. ਆਨੰਦ ਪੁਰ ਸਾਹਿਬ ਸਿੱਖਾਂ ਨੂੰ ਇਨ੍ਹਾਂ ਕੀਰਤਨ ਕੇਂਦਰਾਂ ਤੋਂ ਬਿਨਾਂ ਹਰ ਘਰ ਅਤੇ ਹਰ ਗੁਰਦਵਾਰੇ ਵਿਚ ਰੋਜ਼ਾਨਾ ਕੀਰਤਨ ਕਰਨ ਦਾ ਆਦੇਸ਼ ਸੀ। ਜਿਸ ਦੀ ਪਾਲਣਾ ਅੱਜ ਵੀ ਕੀਤੀ ਜਾਂਦੀ ਹੈ। ਭਾਈ ਗੁਰਦਾਸ ਜੀ ਵੀ ਇਸ ਤੱਥ ਦੀ ਪੁਸ਼ਟੀ ਕਰਦੇ ਹਨ —

"ਘਰਿ ਘਰਿ ਅੰਦਰ ਧਰਮਸ਼ਾਲ, ਹੋਵੇ ਕੀਰਤਨੁ ਸਦਾ ਵਿਸੋਆ।"[4]

## ਸੰਗੀਤ ਸਾਜ :

ਗੁਰਮਤਿ ਸੰਗੀਤ ਪੱਧਤੀ ਦੀ ਕੀਰਤਨ ਪਰੰਪਰਾ ਵਿਚ ਵਿਸ਼ੇਸ਼ ਸਾਜਾਂ ਦੀ ਵਰਤੋਂ ਵੀ ਕੀਤੀ ਜਾਂਦੀ ਸੀ। ਇਹ ਸਾਜ ਕੇਵਲ ਰਾਗ ਦੇ ਸਮੁੱਚੇ ਰੂਪ ਨੂੰ ਨਿਖਾਰਨ ਅਤੇ ਸੰਗੀਤਕ ਮਾਹੌਲ ਪੈਦਾ ਕਰਨ ਵਿਚ ਸਹਾਇਕ ਤੌਰ ਤੇ ਵਰਤੇ ਜਾਂਦੇ ਸਨ। ਕੀਰਤਨ ਵਿਚ ਇਨ੍ਹਾਂ ਸਾਜਾਂ ਦੀ ਸੁਤੰਤਰ ਹੋਂਦ ਨਹੀਂ ਸੀ। ਇਨ੍ਹਾਂ ਸਾਜਾਂ ਵਿਚ ਸਾਰੇ ਤੰਤੀ ਸਾਜ ਹੀ ਸਨ ਜਿਵੇਂ ਰਬਾਬ, ਤਾਊਸ, ਸਾਰਦਾ, ਦਿਲਰੁਬਾ, ਆਦਿ। ਤਾਲ ਦੇਣ ਲਈ ਮਿਰਦੰਗ, ਤਬਲੇ ਅਤੇ ਢੋਲਕੀ ਦੀ ਵਰਤੋਂ ਕੀਤੀ ਜਾਂਦੀ ਸੀ।

ਤੰਤੀ ਸਾਜ਼ ਰਾਗ ਦਾ ਸੁਧ ਸਰੂਪ ਸਥਾਪਤ ਕਰਨ ਲਈ ਸੰਪੂਰਨ ਮੰਨੇ ਗਏ ਹਨ ਪਰ ਅੱਜ ਕੱਲ ਕੀਰਤਨ ਵਿਚ ਹਰਮੋਨੀਅਮ ਵਰਗੇ ਆਧੁਨਿਕ ਸਾਜ਼ ਦੀ ਵਰਤੋਂ ਹੋਣ ਲੱਗ ਪਈ ਹੈ। ਜਿਸ ਨਾਲ ਪਰੰਪਰਾਗਤ ਕੀਰਤਨ ਵਿਚ ਵਰਤੇ ਜਾਂਦੇ ਤੰਤੀ ਸਾਜ਼ ਅਲੋਪ ਹੋ ਗਏ ਹਨ। ਇਸ ਪ੍ਰਥਾ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ।

## ਸੰਗੀਤਕ ਸ਼ਬਦਾਵਲੀ :

ਗੁਰਮਤਿ ਸੰਗੀਤ ਪੱਧਤੀ ਦੇ ਆਧਾਰ ਗ੍ਰੰਥ, ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਨੂੰ ਰਾਗਬੱਧ ਕਰਕੇ ਸੰਗੀਤ ਪ੍ਰਬੰਧ ਹੀ ਸਥਾਪਿਤ ਨਹੀਂ ਕੀਤਾ ਗਿਆ ਸਗੋਂ ਇਸ ਵਿਚ ਸੰਗੀਤ ਸ਼ਾਸਤਰ ਦੇ ਅਨੇਕਾਂ ਤਕਨੀਕੀ ਸ਼ਬਦਾਂ ਦਾ ਪ੍ਰਯੋਗ ਵੀ ਪੂਰਨ ਸੰਗੀਤ ਸੂਝ ਅਨੁਸਾਰ ਸਹੀ



Digitized by Panjab Digital Library | www.panjabdigilib.org

ਸਪਸ਼ਟ ਅਤੇ ਢੁਕਵੇ ਰੂਪ ਵਿਚ ਕੀਤਾ ਗਿਆ ਹੈ। ਇਸ ਸੰਗੀਤਕ ਤਕਨੀਕੀ ਸ਼ਬਦਾਵਲੀ ਦੇ ਇਸ ਪ੍ਰਯੋਗ ਤੋਂ ਗੁਰੂ ਸਾਹਿਬਾਨ ਅਤੇ ਗੁਰਮਤਿ ਪੱਧਤੀ ਦੀ ਵਿੱਲਖਣਤਾ ਅਤੇ ਮਹਾਨਤਾ ਦਾ ਇਕ ਹੋਰ ਤੱਥ ਦ੍ਰਿਸ਼ਟੀਗੋਚਰ ਹੁੰਦਾ ਹੈ ਜਿਹੜਾ ਗੁਰਮਤਿ ਸੰਗੀਤ ਦੇ ਇਕ ਪੱਧਤੀ ਵਜੋਂ ਨਿਰਮਾਣ ਲਈ ਅਹਿਮ ਨੁਕਤਾ ਹੈ। ਇਸ ਗ੍ਰੰਥ ਵਿਚ ਵਰਤੇ ਗਏ ਸੰਗੀਤ ਸ਼ਬਦਾਂ ਚੋਂ ਕੁਝ ਇਸ ਪ੍ਰਕਾਰ ਹਨ :

ਧੁਨੀ, ਧੁਨਿਕਾਰ, ਨਾਦ, ਅਨਹਦ, ਅਨਹਤ ਨਾਦ, ਨਾਦ, ਸੁਰ, ਪੰਜ ਵਿਕਰਤ ਸੁਰ, ਥਾਟ, ਰਾਗ, ਰਾਗਿਨੀ, ਆਲਾਪ, ਮਾਨ, ਗਾਇਕੀ, ਗਾਵਨੀ, ਗੀਤ, ਗੁਨੀ, ਰਬਾਬ, ਰਬਾਬੀ, ਪਖਾਵਜ, ਮਜੀਰੇ, ਢੋਲ, ਢੋਲਕ, ਭੇਰੀ, ਸਿੰਗੀ, ਕਿੰਗੁਰੀ, ਤਾਨ, ਬੇਤਾਲਾ ਆਦਿ।

ਉਪਰੋਕਤ ਸਾਰੀ ਵਿਚਾਰਧਾਰਾ ਦਾ ਸਾਰਾ ਅੰਸ਼ ਇਹ ਹੈ ਕਿ :

1. ਗੁਰਮਤਿ ਸੰਗੀਤ ਪੱਧਤੀ ਹੀ ਅਜਿਹੀ ਪੱਧਤੀ ਹੈ ਜਿਸ ਨੇ ਭਾਰਤੀ ਸੰਗੀਤ ਦੇ ਮੁੱਖ ਉਦੇਸ਼ ਮੋਕਸ਼ ਪ੍ਰਾਪਤੀ ਨੂੰ ਕਾਇਮ ਰੱਖਿਆ ਹੈ।
2. ਇਹ ਪਹਿਲਾ ਧਾਰਮਿਕ ਗ੍ਰੰਥ ਹੈ ਜਿਸ ਵਿਚ ਰਾਗਾਂ ਅਧੀਨ 'ਏਨੀ ਵੱਡੀ ਗਿਣਤੀ ਵਿਚ ਬਾਣੀ ਦਰਜ ਹੈ।
3. ਗੁਰਮਤਿ ਸੰਗੀਤ ਪੱਧਤੀ ਦੇ ਅਨੇਕਾਂ ਮੌਲਿਕ ਰਾਗ ਹਨ, ਜਿਨ੍ਹਾਂ ਵਿਚੋਂ ਕਈ ਲੋਕ ਧੁਨਾਂ ਤੋਂ ਅਤੇ ਕਈ ਸੁਤੰਤਰ ਰੂਪ ਵਿਚ ਵਿਕਸਿਤ ਕੀਤੇ ਗਏ ਹਨ।
4. ਇਸ ਪੱਧਤੀ ਦੇ ਗਾਇਨ ਹਿਤ ਰਹਾਉ, ਅੰਕ ਘਰੁ ਵਰਗੇ ਸੰਕੇਤਕ ਸ਼ਬਦ ਅਤੇ ਆਪਣਾ ਨਿੱਜੀ ਸੰਗੀਤ ਵਿਧਾਨ ਹੈ।
5. ਇਸ ਸੰਗੀਤ ਪੱਧਤੀ ਦੀਆਂ ਗਾਇਨ ਸ਼ੈਲੀਆਂ ਵਿਚ ਸ਼ਾਸਤਰੀ ਸੰਗੀਤ ਅਤੇ ਲੋਕ ਸੰਗੀਤ ਦਾ ਸੁਮੇਲ ਹੈ।
6. ਇਹ ਸੰਗੀਤ ਪੱਧਤੀ ਦਾ ਇਕ ਉਦੇਸ਼ ਦੱਖਣੀ ਭਾਰਤੀ ਸੰਗੀਤ ਅਤੇ ਉਤਰੀ ਭਾਰਤੀ ਸੰਗੀਤ ਵਿਚ ਏਕਤਾ ਪੈਦਾ ਕਰਨਾ ਵੀ ਹੈ।
7. ਇਸ ਸੰਗੀਤ ਪੱਧਤੀ ਦੇ ਸਮੂਹ ਗੁਰੂਆਂ ਨੇ ਆਪੋ ਆਪਣਾ ਸਮੁੱਚਾ ਜੀਵਨ ਬਾਣੀ ਦੇ ਪ੍ਰਚਾਰ ਲਈ ਲਾਇਆ ਜਿਸ ਨਾਲ ਇਹ ਸੰਗੀਤ ਪੱਧਤੀ ਨਿਰੰਤਰ ਵਿਕਾਸ਼ੀਲ ਰਹੀ
8. ਸਮੂਹ ਗੁਰੂ ਉਚਕੋਟੀ ਦੇ ਸੰਗੀਤ ਵਿਦਵਾਨ ਗਾਇਕ ਅਤੇ ਕਵੀ (ਵਾਗਕਾਰ) ਸਨ
9. ਗੁਰਮਤਿ ਸੰਗੀਤ ਦੇ ਪ੍ਰਚਾਰ ਲਈ 'ਕੀਰਤਨ ਪਰੰਪਰਾ' ਅਤੇ 'ਕੀਰਤਨ ਕੇਂਦਰ' ਦੀ ਸਥਾਪਨਾ ਕੀਤੀ ਗਈ।
10. ਸਰਬ ਸਾਧਾਰਣ ਲੋਕਾਂ ਵਿਚ ਸਮਾਨ ਰੂਪ ਵਿਚ ਪਰਚਾਰੀ ਜਾਣ ਵਾਲੀ ਇਹ ਪਹਿਲੀ ਸੰਗੀਤ ਪੱਧਤੀ ਹੈ।



PL-1314

Digitized by Panjab Digital Library | www.panjabdigilib.org

ਗੁਰਮਤਿ ਸੰਗੀਤ ਦੀਆਂ ਉਪਰੋਕਤ ਬੁਨਿਆਦੀ ਵਿਸ਼ੇਸ਼ਤਾਵਾਂ, ਕਾਰਜ ਖੇਤਰ ਅਤੇ ਕਾਰਜ ਵਿਧੀ ਤੋਂ ਸੰਗੀਤ ਪੱਧਤੀ ਦੇ ਸਮੁੱਚੇ ਅਨੂਠੇ, ਵਿਲੱਖਣ ਅਤੇ ਸੁਸੰਗਠਿਤ ਸਰੂਪ ਦਾ ਅੰਦਾਜ਼ਾ ਸਹਿਜੇਂ ਹੀ ਲਾਇਆ ਜਾ ਸਕਦਾ ਹੈ। ਪਰ ਬਹੁਤ ਅਫਸੋਸ ਦੀ ਗੱਲ ਹੈ ਕਿ ਭਾਰਤੀ ਸੰਗੀਤ ਦੇ ਸੰਦਰਭ ਵਿਚ ਇਸਦਾ ਸੁਤੰਤਰ ਅਧਿਐਨ ਪਹਿਲਾਂ ਕਦੇ ਨਹੀਂ ਕੀਤਾ ਗਿਆ। ਅਸੀਂ ਆਪਣੇ ਇਸ ਮਹਾਨ ਵਿਰਸੇ ਨੂੰ ਭੁਲਾ ਤੇ ਵਿਸਾਰ ਰਹੇ ਹਾਂ। ਵਿਸ਼ਵ ਦੇ ਸੰਗੀਤਾਚਾਰੀਆਂ, ਸਿੱਖ ਕੀਰਤਨਾਕਾਰਾਂ, ਵਿਦਵਾਨਾਂ ਅਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀਆਂ ਵਿਸ਼ਾਲ ਸੰਸਥਾਵਾਂ ਨੂੰ ਇਸ ਪੱਧਤੀ ਦੀ ਸੰਭਾਲ ਅਤੇ ਵਿਕਾਸ ਵੱਲ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਅਸੀਂ ਆਪਣੇ ਭੁਲੇ ਵਿਰਸੇ ਨਾਲ ਮੁੜ ਤੋਂ ਜੁੜ ਸਕੀਏ ਅਤੇ ਇਸ ਦੀ ਅਮੀਰੀ ਮਾਣ ਸਕੀਏ।

---

## ਹਵਾਲੇ ਅਤੇ ਟਿੱਪਣੀਆਂ :

1) ਆਦਿ ਗ੍ਰੰਥ, ਪੰਨਾ ੨੫-੨੬।
2) ਆਦਿ ਗ੍ਰੰਥ, ਪੰਨਾ ੯੬-੯੭।
3) ਹਵਾਲਾ ਤਾਰਾ ਸਿੰਘ (ਪ੍ਰੋ) ਸ੍ਰੀ ਗੁਰੂ ਅਮਰਦਾਸ ਜੀ ਰਾਗ ਰਤਨਾਵਲੀ ਪੰਨਾ ੧।
4) ਵਾਰ ੧, ਪਉੜੀ ੨੭।

xxxxxxxxxxxxxxxxxxxxxxxxxxxxxxxxxxxxxxxxxxxxxxxxxx


### ਤਖ਼ਤ ਸੱਚਖੰਡ ਸਾਹਿਬ ਵਿਖੇ ਕੜਾਹ ਪ੍ਰਸ਼ਾਦਿ ਦੀ ਰੋਜ਼ਾਨਾ ਅਰਦਾਸ ਕਰਵਾਣ ਦੀ ਭੇਟਾ ਇਸ ਪ੍ਰਕਾਰ ਹੈ।—

| | | |
|---|---|---|
| ਹਮੇਸ਼ਾਂ ਭਰ ਲਈ | : | 4150-00 ਰੁਪੈ |
| ਇਕ ਸਾਲ ਲਈ | : | 456-25 ,, |
| ਇਕ ਮਹੀਨੇ ਲਈ | : | 37-50 ,, |

ਇਸ ਸਬੰਧ ਵਿਚ ਮਾਇਆ ਇਸ ਪਤੇ ਤੇ ਭੇਜੀ ਜਾਵੇ :—

Superintendent,
Gurdwara Sachkhand Sri Hazur Sahib,
Nanded-431601 (Maharashtra)




Digitized by Panjab Digital Library | www.panjabdigilib.org

Digitized by Panjab Digital Library / www.panjabdigilib.org

Digitized by Panjab Digital Library | www.panjabdigilib.org